

Medical Beneficiary and Pharmaceutical Services Division, B.C. Ministry of Health

# Fair PharmaCare (ਫ਼ੇਅਰ ਫ਼ਾਰਮਾ ਕੇਅਰ) – ਆਮਦਨ ਦਾ ਪੁਨਰ ਨਿਰੀਖਣ

**ਕੀ ਤੁਹਾਡੀ ਪਰਿਵਾਰਕ ਨੈੱਟ ਇਨਕਮ (ਸ਼ੁੱਧ ਆਮਦਨ) ਪਿਛਲੇ ਦੋ ਸਾਲਾਂ ਦੌਰਾਨ 10% ਜਾਂ ਇਸ ਤੋਂ ਜ਼ਿਆਦਾ ਘਟ ਗਈ ਹੈ?**

ਫ਼ੇਅਰ ਫ਼ਾਰਮਾ ਕੇਅਰ ਦੇ ਆਮਦਨ ਦੇ ਪੁਨਰ ਨਿਰੀਖਣ ਰਾਹੀਂ ਤੁਹਾਨੂੰ ਜ਼ਿਆਦਾ ਮਦਦ ਮਿਲ ਸਕਦੀ ਹੈ।

### ਤੁਸੀਂ ਆਮਦਨ ਦੇ ਪੁਨਰ-ਨਿਰੀਖਣ ਲਈ ਅਰਜ਼ੀ ਦੇ ਸਕਦੇ ਹੋ, ਜੇ:

- ਤੁਸੀਂ ਫ਼ੇਅਰ ਫ਼ਾਰਮਾ ਕੇਅਰ ਲਈ ਰਜਿਸਟਰਡ ਹੋ; ਅਤੇ,
- ਤੁਸੀਂ Health Insurance BC (ਹੈਲਥ ਇੰਸ਼ੋਰੈਂਸ ਬੀ.ਸੀ.) ਨੂੰ ਇਹ ਸਹਿਮਤੀ ਦੇ ਦਿੱਤੀ ਹੈ ਕਿ ਉਹ ਕੈਨੇਡਾ ਰੈਵਿਨਿਊ ਏਜੰਸੀ ਤੋਂ ਤੁਹਾਡੀ ਆਮਦਨ ਬਾਰੇ ਪਤਾ ਕਰਨ ਸਕਣ।

### ਆਮਦਨ ਦੇ ਪੁਨਰ-ਨਿਰੀਖਣ ਲਈ ਮੈਂ ਅਰਜ਼ੀ ਕਿਵੇਂ ਦੇਵਾਂ?

ਤੁਹਾਨੂੰ ਇੱਕ ਬਿਨੈ-ਪੱਤਰ ਫ਼ਾਰਮ ਭਰਨਾ ਪਵੇਗਾ ਅਤੇ ਆਪਣੀ ਆਮਦਨ ਦੀ ਜਾਣਕਾਰੀ ਦੀ ਪੁਸ਼ਟੀ ਕਰਨ ਵਾਲੇ ਦਸਤਾਵੇਜ਼ ਨਾਲ ਭੇਜਣੇ ਪੈਣਗੇ।

**ਬਿਨੈ-ਪੱਤਰ ਫ਼ਾਰਮ ਸਾਡੀ ਵੈੱਬਸਾਈਟ 'ਤੇ ਹੈ:**

https://www.health.gov.bc.ca/exforms/pharmacare/5355fil.pdf (ਅੰਗਰੇਜ਼ੀ)

**ਜਾਂ ਹੈਲਥ ਇੰਸ਼ੋਰੈਂਸ ਬੀ.ਸੀ. ਨੂੰ ਫ਼ੋਨ ਕਰੋ:**

**604-683-7151** (ਵੈਨਕੂਵਰ ਤੋਂ)

**1-800-663-7100** (ਟੋਲ-ਫ਼੍ਰੀ)

➔ ਤੁਸੀਂ ਸਿਰਫ਼ ਚਲੰਤ ਵਰ੍ਹੇ ਵਾਸਤੇ ਹੀ ਅਰਜ਼ੀ ਦੇ ਸਕਦੇ ਹੋ ਇਸ ਲਈ 31 ਦਸੰਬਰ ਤੋਂ ਪਹਿਲਾਂ ਅਰਜ਼ੀ ਦਿਓ।

**Health Insurance BC (HIBC) (ਹੈਲਥ ਇੰਸ਼ੋਰੈਂਸ ਬੀ.ਸੀ. – ਐੱਚ.ਆਈ.ਬੀ.ਸੀ.) ਵੱਲੋਂ ਫ਼ਾਰਮਾ ਕੇਅਰ ਅਤੇ Medical Services Plan (ਮੈਡੀਕਲ ਸੇਵਾਵਾਂ ਵਾਲਾ ਪਲੈਨ) ਦਾ ਸੰਚਾਲਨ ਕੀਤਾ ਜਾਂਦਾ ਹੈ।**

### ਆਪਣੀ ਆਮਦਨ ਦੀ ਪੁਸ਼ਟੀ ਲਈ ਮੈਂ ਕਿਹੜੇ ਦਸਤਾਵੇਜ਼ ਭੇਜਾਂ?

ਤੁਹਾਨੂੰ ਇਹ ਜਾਣਕਾਰੀ ਬਿਨੈ-ਪੱਤਰ ਫ਼ਾਰਮ ਤੋਂ ਮਿਲ ਸਕਦੀ ਹੈ।

### ਮੇਰੇ ਬਿਨੈ-ਪੱਤਰ ਦਾ ਪੁਨਰ ਨਿਰੀਖਣ ਕੌਣ ਕਰਦਾ ਹੈ?

ਹੈਲਥ ਇੰਸ਼ੋਰੈਂਸ ਬੀ.ਸੀ.। ਤੁਹਾਡੇ ਵੱਲੋਂ ਭੇਜੇ ਗਏ ਦਸਤਾਵੇਜ਼ਾਂ ਮੁਤਾਬਕ ਉਹ ਤੁਹਾਡੀ ਆਮਦਨ ਦੀ ਪੜਤਾਲ ਕਰਦੇ ਹਨ।

### ਜੇ ਮੇਰੀ ਅਰਜ਼ੀ ਮਨਜ਼ੂਰ ਹੋ ਜਾਂਦੀ ਹੈ ਤਾਂ ਮੈਨੂੰ ਕਦੋਂ ਪਤਾ ਲੱਗੇਗਾ?

ਇਹ ਦੱਸਣ ਲਈ ਕਿ ਤੁਹਾਡੀ ਅਰਜ਼ੀ ਮਨਜ਼ੂਰ ਹੋਈ ਹੈ ਜਾਂ ਨਹੀਂ, ਤਕਰੀਬਨ ਇੱਕ ਮਹੀਨੇ ਵਿੱਚ ਤੁਹਾਨੂੰ ਹੈਲਥ ਇੰਸ਼ੋਰੈਂਸ ਬੀ.ਸੀ. ਵੱਲੋਂ ਇੱਕ ਪੱਤਰ ਭੇਜਿਆ ਜਾਵੇਗਾ।

**ਨੋਟ:** ਜਿਸ ਸਾਲ ਦੀ ਆਮਦਨ ਬਾਰੇ ਤੁਸੀਂ ਦੱਸਿਆ ਹੈ, ਜਦੋਂ ਤੱਕ ਉਸ ਸਾਲ ਦੀ ਟੈਕਸ ਜਾਣਕਾਰੀ ਉਪਲਬਧ ਨਹੀਂ ਹੋ ਜਾਂਦੀ, ਹੋ ਸਕਦਾ ਹੈ ਕਿ ਉਦੋਂ ਤੱਕ ਹੈਲਥ ਇੰਸ਼ੋਰੈਂਸ ਬੀ.ਸੀ. ਤੁਹਾਡੀ ਆਮਦਨ ਦੀ ਪੜਤਾਲ ਕਰਨ ਤੋਂ ਅਸਮਰੱਥ ਹੋਵੇ। ਜੇ ਤੁਹਾਨੂੰ ਲੋੜ ਨਾਲੋਂ ਵੱਧ ਇਮਦਾਦ ਮਿਲ ਗਈ ਹੈ ਤਾਂ ਤੁਹਾਨੂੰ ਪੈਸੇ ਫ਼ਾਰਮਾ ਕੇਅਰ ਨੂੰ ਮੋੜਨੇ ਪੈਣਗੇ।

### ਜੇ ਮੇਰੀ ਡਿਡਕਟੀਬਲ (ਮਨਫ਼ੀਯੋਗ) ਰਕਮ ਘਟ ਜਾਂਦੀ ਹੈ ਤਾਂ ਕੀ ਮੇਰੀਆਂ ਤਜਵੀਜ਼ਸ਼ੁਦਾ ਦਵਾਈਆਂ ਦੀਆਂ ਪੁਰਾਣੀਆਂ ਲਾਗਤਾਂ ਉਸ ਵਿੱਚ ਗਿਣੀਆਂ ਜਾਣਗੀਆਂ?

ਹਾਂ ਜੀ। ਜੇ ਤੁਸੀਂ ਫ਼ਾਰਮਾ ਕੇਅਰ ਲਈ ਹੇਠ ਲਿਖੇ ਅਨੁਸਾਰ ਰਜਿਸਟਰ ਕੀਤਾ ਸੀ:

- ਇਸ ਸਾਲ ਦੀ 1 ਜਨਵਰੀ ਤੋਂ ਪਹਿਲਾਂ, ਤਾਂ ਤੁਹਾਡੀਆਂ ਇਸ ਸਾਲ ਦੀਆਂ ਸਾਰੀਆਂ ਯੋਗ ਲਾਗਤਾਂ ਆਮ ਤੌਰ 'ਤੇ ਤੁਹਾਡੀ ਮਨਫ਼ੀਯੋਗ ਰਕਮ ਵੱਲ ਗਿਣੀਆਂ ਜਾਣਗੀਆਂ।
- ਇਸ ਸਾਲ ਦੀ 1 ਜਨਵਰੀ ਨੂੰ ਜਾਂ ਉਸ ਤੋਂ ਬਾਅਦ ਵਿੱਚ, ਤਾਂ ਸਿਰਫ਼ ਤੁਹਾਡੇ ਰਜਿਸਟਰ ਹੋਣ ਤੋਂ ਬਾਅਦ ਵਾਲੀਆਂ ਯੋਗ ਲਾਗਤਾਂ ਹੀ ਆਮ ਤੌਰ 'ਤੇ ਤੁਹਾਡੀ ਮਨਫ਼ੀਯੋਗ ਰਕਮ ਵੱਲ ਗਿਣੀਆਂ ਜਾਣਗੀਆਂ।

### ਇਹ ਜਾਣਨਾ ਵੀ ਚੰਗਾ ਰਹਿੰਦਾ ਹੈ:

- ਜੇ ਤੁਹਾਡੀ ਆਮਦਨ ਦੇ ਪੁਨਰ ਨਿਰੀਖਣ ਤੋਂ ਪਹਿਲਾਂ ਤੁਹਾਡੀਆਂ ਤਜਵੀਜ਼ਸ਼ੁਦਾ ਦਵਾਈਆਂ ਦੀਆਂ ਯੋਗ ਲਾਗਤਾਂ ਤੁਹਾਡੀ ਨਵੀਂ ਮਨਫ਼ੀਯੋਗ ਰਕਮ ਤੋਂ ਵੱਧ ਸਨ ਤਾਂ ਤੁਹਾਨੂੰ ਪੈਸੇ ਵਾਪਸ ਮੁੜ ਸਕਦੇ ਹਨ।
- ਜੇ ਤੁਸੀਂ ਪੈਸੇ ਵਾਪਸ ਮਿਲਣ ਦੇ ਲਈ ਯੋਗ ਹੋ ਜਾਂਦੇ ਹੋ ਤਾਂ ਹੈਲਥ ਇੰਸ਼ੋਰੈਂਸ ਬੀ.ਸੀ. ਵੱਲੋਂ ਆਉਂਦੇ ਸਾਲ ਦੀ ਸਪ੍ਰਿੰਗ (ਬਸੰਤ) ਰੁੱਤ ਦੌਰਾਨ ਤੁਹਾਨੂੰ ਇੱਕ ਚੈੱਕ ਭੇਜਿਆ ਜਾਵੇਗਾ।
- ਜੇ ਤੁਹਾਨੂੰ ਵਾਪਸ ਮਿਲਣ ਯੋਗ ਇਹ ਰਕਮ ਤੁਹਾਡੀ ਪਰਿਵਾਰਕ ਨੈੱਟ ਇਨਕਮ (ਸ਼ੁੱਧ ਆਮਦਨ) ਦੇ 2% ਹਿੱਸੇ ਤੋਂ ਵੱਧ ਹੈ ਤਾਂ ਤੁਸੀਂ ਇਹ ਪੈਸੇ ਛੇਤੀ ਭੇਜੇ ਜਾਣ ਲਈ ਬੇਨਤੀ ਕਰ ਸਕਦੇ ਹੋ।



BRITISH COLUMBIA

## ਫ਼ੇਅਰ ਫ਼ਾਰਮਾ ਕੇਅਰ ਕਿਵੇਂ ਕੰਮ ਕਰਦਾ ਹੈ?

ਤੁਸੀਂ ਆਪਣੀ ਮਨਫ਼ੀਯੋਗ ਰਕਮ ਦੀ ਹੱਦ ਤੱਕ ਆਪਣੇ ਪਰਿਵਾਰ ਦੀਆਂ ਸਾਰੀਆਂ ਲਾਗਤਾਂ ਆਪ ਅਦਾ ਕਰਦੇ ਹੋ। ਤੁਹਾਡੇ ਵੱਲੋਂ ਮਨਫ਼ੀਯੋਗ ਰਕਮ ਦੀ ਅਦਾਇਗੀ ਕੀਤੇ ਜਾਣ 'ਤੇ ਬਾਕੀ ਵਰ੍ਹੇ ਲਈ ਫ਼ਾਰਮਾ ਕੇਅਰ ਯੋਗ ਲਾਗਤਾਂ ਵਿੱਚ ਤੁਹਾਡੀ ਸਹਾਇਤਾ ਕਰਦਾ ਹੈ।

January → December

| ਮਨਫ਼ੀਯੋਗ ਰਕਮ ਜਿਨਾਂ ਖ਼ਰਚਾ ਹੋਣ ਤੱਕ | ਮਨਫ਼ੀਯੋਗ ਰਕਮ ਜਿਨਾਂ ਖ਼ਰਚਾ ਹੋਣ ਤੋਂ ਬਾਅਦ | ਵੱਧ ਤੋਂ ਵੱਧ ਪਰਿਵਾਰਕ ਲਾਗਤ ਤੋਂ ਬਾਅਦ |
|---|---|---|
| ਤੁਸੀਂ 100% ਅਦਾ ਕਰਦੇ ਹੋ | ਤੁਸੀਂ ਅਦਾ ਕਰਦੇ ਹੋ 30% / ਫ਼ਾਰਮਾ ਕੇਅਰ ਅਦਾ ਕਰਦਾ ਹੈ 70% | ਫ਼ਾਰਮਾ ਕੇਅਰ 100% ਅਦਾ ਕਰਦਾ ਹੈ |

www.health.gov.bc.ca/pharmacare/plani/calculator/calculator.html (ਅੰਗਰੇਜ਼ੀ)'ਤੇ ਦਿੱਤੇ ਕੈਲਕੁਲੇਟਰ ਦੀ ਵਰਤੋਂ ਕਰਕੇ ਤੁਸੀਂ ਆਪਣੀ ਮਨਫ਼ੀਯੋਗ ਰਕਮ ਅਤੇ ਵੱਧ ਤੋਂ ਵੱਧ ਪਰਿਵਾਰਕ ਲਾਗਤ ਦਾ ਅੰਦਾਜ਼ਾ ਲਗਾ ਸਕਦੇ ਹੋ

### "ਯੋਗ" ਲਾਗਤਾਂ ਕਿਹੜੀਆਂ ਹਨ?

- ਯੋਗ ਲਾਗਤਾਂ ਤਜਵੀਜ਼ਸ਼ੁਦਾ ਦਵਾਈ, ਮੈਡੀਕਲ ਸਮੱਗਰੀ ਜਾਂ ਫ਼ਾਰਮੇਸੀ ਦੀ ਦਵਾਈ ਤਕਸੀਮ ਕਰਨ ਸੰਬੰਧੀ ਫ਼ੀਸ ਵਾਸਤੇ ਫ਼ਾਰਮਾ ਕੇਅਰ ਵੱਲੋਂ ਅਦਾ ਕੀਤੀ ਜਾਣ ਵਾਲੀ ਵੱਧ ਤੋਂ ਵੱਧ ਰਕਮ ਹੈ।
- ਤੁਹਾਡੀ ਮਨਫ਼ੀਯੋਗ ਰਕਮ ਅਤੇ ਵੱਧ ਤੋਂ ਵੱਧ ਪਰਿਵਾਰਕ ਲਾਗਤ ਲਈ ਸਿਰਫ਼ ਯੋਗ ਲਾਗਤਾਂ ਹੀ ਗਿਣੀਆਂ ਜਾਂਦੀਆਂ ਹਨ (ਹੇਠਾਂ ਦੇਖੋ)।

### ਮੇਰੀ "ਮਨਫ਼ੀਯੋਗ" ਰਕਮ ਕਿੰਨੀ ਹੈ?

- ਇਸ ਤੋਂ ਪਹਿਲਾਂ ਕਿ ਫ਼ਾਰਮਾ ਕੇਅਰ ਤੁਹਾਡੀਆਂ ਯੋਗ ਲਾਗਤਾਂ ਦਾ **70%** ਹਿੱਸਾ ਅਦਾ ਕਰਨਾ ਸ਼ੁਰੂ ਕਰੇ, ਮਨਫ਼ੀਯੋਗ ਰਕਮ ਉਹ ਖ਼ਰਚਾ ਹੈ ਜਿਹੜਾ ਕਿ ਯੋਗ ਤਜਵੀਜ਼ਸ਼ੁਦਾ ਦਵਾਈਆਂ ਅਤੇ ਮੈਡੀਕਲ ਸਮੱਗਰੀ ਦੀਆਂ ਲਾਗਤਾਂ 'ਤੇ ਤੁਹਾਡੇ ਪਰਿਵਾਰ ਨੂੰ ਕਰਨਾ ਪੈਂਦਾ ਹੈ।

### ਮੇਰੀ "ਵੱਧ ਤੋਂ ਵੱਧ ਪਰਿਵਾਰਕ ਲਾਗਤ" ਕਿੰਨੀ ਹੈ?

ਵੱਧ ਤੋਂ ਵੱਧ ਪਰਿਵਾਰਕ ਲਾਗਤ ਉਹ ਧਨ ਰਾਸ਼ੀ ਹੈ ਜਿਹੜੀ ਹਰ ਸਾਲ ਤੁਹਾਡੇ ਪਰਿਵਾਰ ਵੱਲੋਂ ਖ਼ਰਚੀ ਜਾਣੀ ਚਾਹੀਦੀ ਹੈ, ਇਸ ਤੋਂ ਪਹਿਲਾਂ ਕਿ ਫ਼ਾਰਮਾ ਕੇਅਰ ਤੁਹਾਡੀਆਂ **100%** ਯੋਗ ਲਾਗਤਾਂ ਦੀ ਅਦਾਇਗੀ ਕਰਨੀ ਸ਼ੁਰੂ ਕਰੇ।

### ਮੈਨੂੰ ਕਿੰਨੀ ਇਮਦਾਦ ਮਿਲ ਸਕਦੀ ਹੈ?

ਇਮਦਾਦ ਤੁਹਾਡੀ ਦੋ ਸਾਲ ਪੁਰਾਣੀ ਪਰਿਵਾਰਕ ਸ਼ੁੱਧ ਆਮਦਨ 'ਤੇ ਨਿਰਭਰ ਕਰਦੀ ਹੈ। ਉਦਾਹਰਣ ਵਜੋਂ, 2009 ਵਿੱਚ ਤੁਹਾਨੂੰ ਮਿਲਣ ਵਾਲੀ ਇਮਦਾਦ ਦਾ ਪੱਧਰ ਤੁਹਾਡੀ 2007 ਦੀ ਪਰਿਵਾਰਕ ਸ਼ੁੱਧ ਆਮਦਨ 'ਤੇ ਨਿਰਭਰ ਕਰੇਗਾ।

- **ਸ਼ੁੱਧ ਆਮਦਨ** ਤੁਹਾਡੇ ਇਨਕਮ ਟੈਕਸ ਰਿਟਰਨ ਦੀ ਲਾਈਨ 236 ਉੱਪਰ ਲਿਖੀ ਤੁਹਾਡੀ ਆਮਦਨ ਵਿੱਚੋਂ ਤੁਹਾਨੂੰ Universal Child Care Benefit (ਯੂਨੀਵਰਸਲ ਚਾਈਲਡ ਭੱਤੇ) ਜਾਂ Registered Disability Savings Plan (ਰਜਿਸਟਰਡ ਡਿਸਅਬਿਲਟੀ ਸੇਵਿੰਗਜ਼ ਪਲੈਨ) ਦੀ ਮਿਲੀ ਰਕਮ ਘਟਾ ਕੇ ਕੱਢੀ ਜਾਂਦੀ ਹੈ।
- ਤੁਹਾਡੇ **ਪਰਿਵਾਰ** ਵਿੱਚ ਤੁਸੀਂ, ਤੁਹਾਡੇ ਪਤੀ/ਪਤਨੀ ਅਤੇ ਤੁਹਾਡੇ 'ਤੇ ਨਿਰਭਰ ਤੁਹਾਡੇ ਬੱਚੇ ਸ਼ਾਮਲ ਹਨ ਜਿਹੜੇ ਕਿ ਤੁਹਾਡੇ ਅਤੇ ਤੁਹਾਡੇ ਪਤੀ/ਪਤਨੀ ਵਾਲੇ B.C. Medical Services Plan (ਬੀ.ਸੀ. ਦਾ ਮੈਡੀਕਲ ਸੇਵਾਵਾਂ ਵਾਲਾ ਪਲੈਨ) ਦੇ ਕੌਨਟ੍ਰੈਕਟ 'ਤੇ ਹੀ ਹਨ।

### ਮੈਨੂੰ ਫ਼ੇਅਰ ਫ਼ਾਰਮਾ ਕੇਅਰ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਫ਼ੇਅਰ ਫ਼ਾਰਮਾ ਕੇਅਰ ਬਾਰੇ ਵਧੇਰੇ ਜਾਣਕਾਰੀ ਜਾਂ ਇਸ ਪਲੈਨ ਵਾਸਤੇ ਰਜਿਸਟਰ ਕਰਨ ਲਈ ਸਾਡੀ ਵੈੱਬਸਾਈਟ 'ਤੇ ਜਾਓ। ਤੁਸੀਂ ਹੈਲਥ ਇੰਸ਼ੋਰੈਂਸ ਬੀ.ਸੀ. ਨੂੰ ਵੀ ਫ਼ੋਨ ਕਰ ਸਕਦੇ ਹੋ। ਕਿਰਪਾ ਕਰਕੇ ਹੇਠਾਂ ਦਿੱਤੀ ਸੰਪਰਕ ਜਾਣਕਾਰੀ ਦੇਖੋ।

## ਫ਼ੇਅਰ ਫ਼ਾਰਮਾ ਕੇਅਰ ਸੰਪਰਕ ਜਾਣਕਾਰੀ

**ਫ਼ੇਅਰ ਫ਼ਾਰਮਾ ਕੇਅਰ ਲਈ ਰਜਿਸਟਰ ਕਰੋ:**

https://pharmacare.moh.hnet.bc.ca/ (ਅੰਗਰੇਜ਼ੀ)

**ਸਾਡੀ ਵੈੱਬਸਾਈਟ 'ਤੇ ਜਾਓ:**

www.health.gov.bc.ca/pharmacare (ਅੰਗਰੇਜ਼ੀ)

**ਹੈਲਥ ਇੰਸ਼ੋਰੈਂਸ ਬੀ.ਸੀ. (ਐੱਚ.ਆਈ.ਬੀ.ਸੀ.) ਨੂੰ ਫ਼ੋਨ ਕਰੋ:**

ਵੈਨਕੂਵਰ ਅਤੇ ਲੋਅਰ ਮੇਨਲੈਂਡ ਤੋਂ ਫ਼ੋਨ ਕਰੋ:

**604-683-7151**

ਬੀ.ਸੀ. ਵਿਚਲੀਆਂ ਹੋਰਨਾਂ ਥਾਵਾਂ ਤੋਂ ਕਾਲ ਕਰੋ:

**1-800-663-7100**

**ਹੈਲਥ ਇੰਸ਼ੋਰੈਂਸ ਬੀ.ਸੀ. (ਐੱਚ.ਆਈ.ਬੀ.ਸੀ.) ਫ਼ਾਰਮਾ ਕੇਅਰ ਅਤੇ ਮੈਡੀਕਲ ਸੇਵਾਵਾਂ ਵਾਲੇ ਪਲੈਨ ਦਾ ਸੰਚਾਲਨ ਕਰਦੀ ਹੈ। ਐੱਚ.ਆਈ.ਬੀ.ਸੀ. ਦੇ ਉਪਭੋਗਤਾ ਸਰਵਿਸ ਏਜੰਟ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਅਤੇ ਸ਼ਨਿਚਰਵਾਰ ਨੂੰ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਉਪਲਬਧ ਹੁੰਦੇ ਹਨ।**